# ਜਮਾਤ-ਬਾਰ੍ਹਵੀਂ
# ਪੰਜਾਬੀ ਚੋਣਵੀਂ
## ਅਨੁਪੂਰਕ/ਸਪਲੀਮੈਂਟਰੀ ਪਰੀਖਿਆਵਾਂ
## 2022[redacted]

ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 3 ਘੰਟੇ | ਕੁੱਲ ਅੰਕ (ਲਿਖਤੀ)=80

(1) ਪ੍ਰਸ਼ਨ-ਪੱਤਰ ਦੇ 2 ਮੁੱਖ ਭਾਗ ਹੋਣਗੇ: ਭਾਗ-1 ਤੇ ਭਾਗ-2 । ਭਾਗ-1 40 ਅੰਕਾਂ ਦਾ ਅਤੇ ਭਾਗ-2 40 ਅੰਕਾਂ ਦਾ ਹੋਵੇਗਾ।

(2) ਭਾਗ-1 ਵਿੱਚ ਪ੍ਰਸ਼ਨ-ਪੱਤਰ ਦੇ ਕੁੱਲ 3 ਭਾਗ (ੳ), (ਅ) ਤੇ (ੲ) ਹੋਣਗੇ, ਜਿੰਨ੍ਹਾਂ ਵਿੱਚ ਕੁੱਲ 40 ਬਹੁ-ਵਿਕਲਪੀ ਪ੍ਰਸ਼ਨ ਹੋਣਗੇ।

(3) ਭਾਗ-1 ਦੇ ਹਰੇਕ ਪ੍ਰਸ਼ਨ ਦਾ ਸਹੀ ਉੱਤਰ ਇੱਕ ਅੰਕ ਦਾ ਹੋਵੇਗਾ।

(4) ਭਾਗ-2 ਵਿੱਚ 02 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ।

(5) ਭਾਗ-2 ਵਿੱਚ ਪ੍ਰਸ਼ਨ-ਪੱਤਰ ਦੇ ਕੁੱਲ 8 ਪ੍ਰਸ਼ਨ ਹੋਣਗੇ।

(6) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

(7) ਕਿਸੇ ਵੀ ਗ਼ਲਤ ਉੱਤਰ ਦੇ ਅੰਕ ਨਹੀਂ ਕੱਟੇ ਜਾਣਗੇ।

## ਵਿਸ਼ੇਸ਼ ਹਦਾਇਤਾਂ: ਭਾਗ-1

ਪਰੀਖਿਆ ਪੱਖੋਂ ਅਧਿਆਪਕਾਂ, ਵਿਦਿਆਰਥੀਆਂ, ਪੇਪਰ-ਸੈਂਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਦਾਇਤਾਂ:

**ਭਾਗ (ੳ): ਮੱਧ-ਕਾਲੀਨ ਪੰਜਾਬੀ-ਕਾਵਿ** | **ਕੁੱਲ ਅੰਕ=15**

ਇਸ ਭਾਗ ਵਿੱਚ **ਮੱਧ-ਕਾਲੀਨ ਪੰਜਾਬੀ-ਕਾਵਿ** ਦੇ ਪਾਠਕ੍ਰਮ ਅਨੁਸਾਰ ਕੁੱਲ **ਪੰਦਰਾਂ (ਪ੍ਰਸ਼ਨ ਨੰ. 1 ਤੋਂ 15 ਤੱਕ)** ਬਹੁ-ਵਿਕਲਪੀ ਪ੍ਰਸ਼ਨ ਹੋਣਗੇ। ਇਹਨਾਂ ਵਿੱਚੋਂ ਪੰਜਾਬੀ ਕਾਵਿ-ਅੰਸ਼ਾਂ/ਕਾਵਿ-ਸਤਰਾਂ ਦੇ ਰਚਨਾਕਾਰ, ਰਚਨਾ ਜਾਂ ਉਸ ਦੀ **ਵਿਆਖਿਆ**, ਰਚਨਾਵਾਂ ਦੇ ਕੇਂਦਰੀ ਭਾਵ ਦੀ ਸਮੱਗਰੀ, ਸੰਬੰਧਿਤ ਪਾਠਾਂ ਦੇ ਇਤਿਹਾਸਕ ਪਿਛੋਕੜ (ਪ੍ਰਮੁੱਖ ਕਵੀਆਂ ਬਾਰੇ) ਨਾਲ ਸੰਬੰਧਿਤ **ਬਾਰਾਂ (ਪ੍ਰਸ਼ਨ ਨੰ. 1 ਤੋਂ 12 ਤੱਕ)** ਬਹੁ-ਵਿਕਲਪੀ ਪ੍ਰਸ਼ਨ ਹੋਣਗੇ, ਜੋ ਸੰਬੰਧਿਤ ਕਾਵਿ-ਧਰਾਵਾਂ ਵਿੱਚੋਂ ਲਗਪਗ ਬਰਾਬਰ ਅਨੁਪਾਤ ਵਿੱਚ ਪੁੱਛੇ ਜਾਣਗੇ। ਇਸੇ ਭਾਗ ਵਿੱਚ **ਕਿੱਸਾ-ਕਾਵਿ ਜਾਂ ਬੀਰ-ਕਾਵਿ** ਭਾਗ ਵਿੱਚੋਂ ਇੱਕ ਕਾਵਿ-ਅੰਸ਼/ਕਾਵਿ-ਸਤਰਾਂ ਵਾਲ਼ਾ ਬੰਦ ਦੇ ਕੇ ਉਸ ਨਾਲ਼ ਸੰਬੰਧਿਤ 3 **ਬਹੁ-ਵਿਕਲਪੀ ਪ੍ਰਸ਼ਨ** (ਪ੍ਰਸ਼ਨ ਨੰ. 13 ਤੋਂ 15 ਤੱਕ) ਪੁੱਛੇ ਜਾਣਗੇ।ਇਸ ਵਿੱਚੋਂ **ਇੱਕ ਪ੍ਰਸ਼ਨ ਉਸ ਕਾਵਿ-ਅੰਸ਼ ਦੇ ਕਵੀ ਦੇ ਨਾਂ** ਅਤੇ ਦੋ ਪ੍ਰਸ਼ਨ ਉਸ ਕਾਵਿ-ਅੰਸ਼ ਦੀ ਵਿਸ਼ਾ-ਸਮੱਗਰੀ ਨਾਲ ਸੰਬੰਧਿਤ ਹੋਣਗੇ।

**ਭਾਗ (ਅ): ਆਪ-ਬੀਤੀਆਂ: ਸਵੈ-ਜੀਵਨੀ ਅੰਸ਼** | **ਕੁੱਲ ਅੰਕ=12**

ਇਸ ਭਾਗ ਵਿੱਚ ਕੁੱਲ **ਬਾਰਾਂ (ਪ੍ਰਸ਼ਨ ਨੰ. 16 ਤੋਂ 27 ਤੱਕ)** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।ਇਸ ਭਾਗ ਦੀ ਬਹੁ-ਵਿਕਲਪੀ ਪ੍ਰਸ਼ਨਾਂ ਦੀ ਵੰਡ ਇਸ ਤਰ੍ਹਾਂ ਹੋਵੇਗੀ:

- **ਦੋ** ਪ੍ਰਸ਼ਨ ਪਾਠ-ਪੁਸਤਕ ਦੇ ਸਵੈ-ਜੀਵਨੀ ਅੰਸ਼ ਦੇ **ਲੇਖਕ ਸੰਬੰਧੀ/ਲੇਖਕ ਦੇ ਸਵੈ-ਜੀਵਨੀ ਅੰਸ਼** ਦੇ ਨਾਂ ਦੱਸਣ ਸੰਬੰਧੀ ਹੋਣਗੇ।
- ਪਾਠ-ਪੁਸਤਕ ਦੇ ਕਿਸੇ ਸਵੈ-ਜੀਵਨੀ ਅੰਸ਼ ਵਿੱਚੋਂ ਕੋਈ **ਇੱਕ ਪੈਰਾ** ਦੇ ਕੇ **ਪੰਜ** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।
- ਪਾਠ-ਪੁਸਤਕ ਦੇ **ਪਾਠ-ਅਭਿਆਸਾਂ ਉੱਤੇ ਆਧਾਰਿਤ** ਸਵੈ-ਜੀਵਨੀ ਅੰਸ਼ਾਂ ਦੀ ਵਿਸ਼ਾ-ਸਮੱਗਰੀ ਨਾਲ ਸੰਬੰਧਿਤ ਵਸਤੂਨਿਸ਼ਠ ਪ੍ਰਸ਼ਨਾਂ ਵਿੱਚੋਂ ਕੋਈ **ਪੰਜ** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।

**ਭਾਗ (ੲ): ਸਾਹਿਤ-ਬੋਧ (ਸਾਹਿਤ ਰੂਪ, ਛੰਦ, ਰਸ ਤੇ ਅਲੰਕਾਰ)** | **ਕੁੱਲ ਅੰਕ=13**

ਇਸ ਭਾਗ ਵਿੱਚ ਕੁੱਲ **ਤੇਰਾਂ (ਪ੍ਰਸ਼ਨ ਨੰ. 28 ਤੋਂ 40 ਤੱਕ)** ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।ਇਸ ਭਾਗ ਦੀ ਬਹੁ-ਵਿਕਲਪੀ ਪ੍ਰਸ਼ਨਾਂ ਦੀ ਵੰਡ ਇਸ ਤਰ੍ਹਾਂ ਹੋਵੇਗੀ:

- ਪਾਠ-ਪੁਸਤਕ ਵਿੱਚੋਂ ਸਾਹਿਤ-ਰੂਪਾਂ ਦੀਆਂ ਕਿਸਮਾਂ, ਸਾਹਿਤ ਰੂਪਾਂ ਦੀ ਪਰਿਭਾਸ਼ਾ, ਲੱਛਣ, ਕਿਸੇ ਸਾਹਿਤ ਰੂਪ ਦੇ ਸਾਹਿਤਕਾਰ, ਕਿਸੇ ਸਾਹਿਤਕ ਰੂਪ ਦੀ ਕੋਈ ਸਾਹਿਤਕ ਰਚਨਾ ਦੇ ਨਾਂ ਨਾਲ ਸੰਬੰਧਿਤ ਛੇ ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।
- ਛੰਦਾਂ ਦੀਆਂ ਕਿਸਮਾਂ, ਪਰਿਭਾਸ਼ਾ, ਵਿਸ਼ੇਸ਼ਤਾਵਾਂ ਬਾਰੇ ਦੋ ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।
- ਅਲੰਕਾਰਾਂ ਦੀਆਂ ਕਿਸਮਾਂ, ਪਰਿਭਾਸ਼ਾ, ਵਿਸ਼ੇਸ਼ਤਾਵਾਂ ਬਾਰੇ ਦੋ ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।
- ਰਸਾਂ ਦੀਆਂ ਕਿਸਮਾਂ, ਪਰਿਭਾਸ਼ਾ, ਵਿਸ਼ੇਸ਼ਤਾਵਾਂ ਬਾਰੇ ਤਿੰਨ ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।

## ਵਿਸ਼ੇਸ਼ ਹਦਾਇਤਾਂ: ਭਾਗ-2

ਪਰੀਖਿਆ ਪੱਖੋਂ ਅਧਿਆਪਕਾਂ, ਵਿਦਿਆਰਥੀਆਂ, ਪੇਪਰ-ਸੈੱਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਦਾਇਤਾਂ:

**ਪ੍ਰਸ਼ਨ ਨੰ: 1** ਇਹ ਪ੍ਰਸ਼ਨ ਸੁੰਦਰ ਲਿਖਾਈ ਦੇ ਅੰਕਾਂ ਲਈ ਰਾਖਵਾਂ ਹੋਵੇਗਾ। 2 ਅੰਕ

**ਪ੍ਰਸ਼ਨ ਨੰ: 2** ਵਸਤੂਨਿਸ਼ਠ ਪ੍ਰਸ਼ਨ (ਕੁੱਲ ਪੰਜ ਪ੍ਰਸ਼ਨ):

(ੳ) ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰਾਂ ਵਾਲੇ ਦੋ ਪ੍ਰਸ਼ਨ 2*1=2 ਅੰਕ

(ਅ) ਸਹੀ/ਗ਼ਲਤ ਵਾਲੇ ਦੋ ਕਥਨ 2*1=2 ਅੰਕ

(ਸ) ਖ਼ਾਲੀ ਥਾਵਾਂ ਭਰੋ ਦਾ ਇੱਕ ਕਥਨ (ਦੋ ਆਪਸ਼ਨਾਂ ਸਮੇਤ) 1*1= 1 ਅੰਕ

ਇਹ ਵਸਤੂਨਿਸ਼ਠ ਪ੍ਰਸ਼ਨ ਤਿੰਨੋ ਨਿਰਧਾਰਿਤ ਪਾਠ-ਪੁਸਤਕਾਂ ਵਿੱਚੋਂ ਲਗ-ਪਗ ਲੋੜੀਂਦੇ ਅਨੁਪਾਤ ਅਨੁਸਾਰ ਹੋਣ।

2+2+1= 5 ਅੰਕ

**ਪ੍ਰਸ਼ਨ ਨੰ: 3** ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਦੇ ਸੂਫ਼ੀ-ਕਾਵਿ ਅਤੇ ਗੁਰਮਤਿ-ਕਾਵਿ ਭਾਗ ਵਿੱਚੋਂ ਦੋ ਕਾਵਿ-ਅੰਸ਼ਾਂ/ਕਾਵਿ-ਸਤਰਾਂ ਵਾਲ਼ੇ ਬੰਦ ਦੇ ਕੇ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ।ਹਰੇਕ ਪ੍ਰਸੰਗ ਲਈ 2 ਅਤੇ ਵਿਆਖਿਆ ਲਈ 3 ਅੰਕ ਹੋਣਗੇ। 1*5=5 ਅੰਕ

**ਪ੍ਰਸ਼ਨ ਨੰ:4** ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਦੇ ਸੂਫ਼ੀ-ਕਾਵਿ ਅਤੇ ਗੁਰਮਤਿ-ਕਾਵਿ ਭਾਗਾਂ ਵਿੱਚੋਂ ਇੱਕ-ਇੱਕ ਰਚਨਾ ਦੇ ਨਾਂ ਦੇ ਕੇ ਕਿਸੇ ਇੱਕ ਦਾ ਕੇਂਦਰੀ ਭਾਵ ਸੰਖੇਪ ਵਿੱਚ ਲਿਖਣ ਲਈ ਕਿਹਾ ਜਾਵੇਗਾ। 1*4= 4 ਅੰਕ

**ਪ੍ਰਸ਼ਨ ਨੰ:5** ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਦੇ ਕਿੱਸਾ-ਕਾਵਿ ਅਤੇ ਬੀਰ-ਕਾਵਿ ਭਾਗ ਨਾਲ਼ ਸੰਬੰਧਿਤ ਪਾਠਾਂ ਅਤੇ ਪਾਠ-ਅਭਿਆਸ ਵਿੱਚੋਂ ਕਾਵਿ-ਧਾਰਾ ਦੀ ਆਮ ਜਾਣਕਾਰੀ ਬਾਰੇ ਦੋ ਪ੍ਰਸ਼ਨ ਦੇ ਕੇ ਕਿਸੇ ਇੱਕ ਪ੍ਰਸ਼ਨ ਦਾ ਉੱਤਰ ਸੰਖੇਪ ਵਿੱਚ ਲਿਖਣ ਲਈ ਕਿਹਾ ਜਾਵੇਗਾ। 1*6= 6 ਅੰਕ

**ਪ੍ਰਸ਼ਨ ਨੰ:6** ਆਪ-ਬੀਤੀਆਂ ਪਾਠ-ਪੁਸਤਕ ਅਤੇ ਪਾਠ-ਅਭਿਆਸਾਂ ਉੱਤੇ ਆਧਾਰਿਤ ਛੋਟੇ ਉੱਤਰਾਂ ਵਾਲ਼ੇ ਚਾਰ ਪ੍ਰਸ਼ਨ ਪੁੱਛੇ ਜਾਣਗੇ ਅਤੇ ਉਹਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖਣ ਲਈ ਕਿਹਾ ਜਾਵੇਗਾ।

2*4=8 ਅੰਕ

**ਪ੍ਰਸ਼ਨ ਨੰ:7** ਸਾਹਿਤ-ਬੋਧ ਪਾਠ-ਪੁਸਤਕ ਵਿੱਚੋਂ ਕਿਸੇ ਤਿੰਨ ਸਾਹਿਤ-ਰੂਪਾਂ ਦੇ ਨਾਂ ਦੇ ਕੇ ਕਿਸੇ ਇੱਕ ਬਾਰੇ ਨੋਟ ਲਿਖਣ ਲਈ ਕਿਹਾ ਜਾਵੇਗਾ।ਇਸ ਵਿੱਚ 1 ਅੰਕ ਸੰਬੰਧਿਤ ਸਾਹਿਤ ਰੂਪ ਦੀ ਅਤਿ-ਸੰਖੇਪ ਪਰਿਭਾਸ਼ਾ ਦੇਣ, 3 ਅੰਕ ਉਸ ਦੀਆਂ ਵਿਸ਼ੇਸ਼ਤਾਈਆਂ ਅਤੇ 1 ਅੰਕ ਸੰਬੰਧਿਤ ਸਾਹਿਤ ਰੂਪ ਦੇ ਕੋਈ ਅਹਿਮ ਇੱਕ ਪੰਜਾਬੀ ਲੇਖਕ/ਰਚਨਾ ਦੇ ਨਾਂ ਦੇਣ ਲਈ ਹੋਵੇਗਾ।

1+4+1=6 ਅੰਕ

**ਪ੍ਰਸ਼ਨ ਨੰ:8** ਸਾਹਿਤ-ਬੋਧ ਪਾਠ-ਪੁਸਤਕ ਵਿੱਚੋਂ ਇੱਕ ਛੰਦ, ਇੱਕ ਅਲੰਕਾਰ ਅਤੇ ਇੱਕ ਰਸ ਦੇ ਨਾਂ ਦੇ ਕੇ ਇਹਨਾਂ ਵਿੱਚੋਂ ਕਿਸੇ ਇੱਕ ਦੀ ਉਦਾਹਰਨਾਂ ਸਹਿਤ ਪਰਿਭਾਸ਼ਾ ਲਿਖਣ ਲਈ ਕਿਹਾ ਜਾਵੇਗਾ। 1*4=4 ਅੰਕ

ਨਿਰਧਾਰਿਤ ਪਾਠ-ਪੁਸਤਕਾਂ:

1. ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) 2. ਆਪ-ਬੀਤੀਆਂ 3. ਸਾਹਿਤ-ਬੋਧ

ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ